BRAMPTON Flower City brampton.ca

media release

ਤੁਰੰਤ ਰਿਲੀਜ ਲਈ

## ਕੈਨੇਡਾ ਦਾ ਸਭ ਤੋਂ ਵੱਡਾ ਕ੍ਰਿਕੇਟ ਟੂਰਨਾਮੈਂਟ ਬ੍ਰੈਂਪਟਨ ਵਿੱਚ ਹੋਣ ਵਾਲਾ ਹੈ

ਬ੍ਰੈਂਪਟਨ, ਓਨਟੈਰੀਓ (4 ਜੂਨ, 2019) – ਸਿਟੀ ਆਫ ਬ੍ਰੈਂਪਟਨ ਇਹ ਐਲਾਨ ਕਰਦੇ ਹੋਏ ਉਤਸ਼ਾਹਿਤ ਹੈ ਕਿ ਉਹ ਗਰਮੀ 2019 ਵਿੱਚ ਗਲੋਬਲ T20 (Global T20) (GT20) ਕ੍ਰਿਕੇਟ ਟੂਰਨਾਮੈਂਟ ਦਾ ਆਯੋਜਨ ਕਰੇਗੀ!

GT20 ਇੱਕ ਸਾਲਾਨਾ ਕ੍ਰਿਕੇਟ ਟੂਰਨਾਮੈਂਟ ਹੈ, ਜਿਸ ਵਿੱਚ ਉੱਤਰੀ ਅਮਰੀਕਾ (North American) ਦੇ ਪ੍ਰਸਿੱਧ ਕ੍ਰਿਕੇਟ ਖਿਲਾੜੀ ਅਤੇ ਪੂਰੀ ਦੁਨੀਆ ਵਿੱਚੋਂ ਕ੍ਰਿਕੇਟ ਦੇ ਕੁਝ ਵੱਡੇ ਖਿਲਾੜੀ ਹੋਣਗੇ।

ਟੂਰਨਾਮੈਂਟ ਦਾ ਪਹਿਲਾ ਸੀਜਨ ਜੂਨ 2018 ਵਿੱਚ ਕਿੰਗ ਸਿਟੀ, ਓਨਟੈਰੀਓ (King City, Ontario) ਵਿੱਚ ਹੋਇਆ ਸੀ ਅਤੇ ਦੂਜਾ ਸੀਜਨ 25 ਜੁਲਾਈ ਤੋਂ 11 ਅਗਸਤ, 2019 ਤੱਕ ਹੋਵੇਗਾ।

GT20, ਕੈਨੇਡਾ ਵਿੱਚ ਆਯੋਜਿਤ ਹੋਣ ਵਾਲਾ ਪਹਿਲਾ ਵੱਡਾ T20 ਕ੍ਰਿਕੇਟ ਟੂਰਨਾਮੈਂਟ ਹੈ ਅਤੇ ਇਸ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਦਰਸ਼ਕਾਂ ਦੇ ਆਉਣ ਦੀ ਉਮੀਦ ਕੀਤੀ ਜਾਂਦੀ ਹੈ।

ਬ੍ਰੈਂਪਟਨ ਨੂੰ ਸ਼ਹਿਰ ਵਿੱਚ 12 ਵੱਡੇ ਕ੍ਰਿਕੇਟ ਫੀਲਡ ਅਤੇ ਚਾਰ ਛੋਟੇ-ਆਕਾਰ ਦੇ ਫੀਲਡ ਹੋਣ ਤੇ ਮਾਣ ਹੈ। ਬ੍ਰੈਂਪਟਨ ਵਿੱਚ ਖੇਡਾਂ ਦੀ ਪ੍ਰਸਿੱਧੀ ਨੂੰ ਪਛਾਣਦੇ ਹੋਏ, ਸਿਟੀ ਵਿੱਚ 2019 ਵਿੱਚ ਤਿੰਨ ਵੱਡੇ ਕ੍ਰਿਕੇਟ ਪ੍ਰੋਜੈਕਟ ਚੱਲ ਰਹੇ ਹਨ। ਦੋ ਨਵੇਂ ਪੂਰੇ-ਸਾਈਜ਼ ਦੇ ਕ੍ਰਿਕੇਟ ਫੀਲਡਾਂ ਦੀ ਉਸਾਰੀ, 407/ਡਿਕਸੀ (407/Dixie) ਖੇਤਰ ਵਿੱਚ ਅਤੇ ਗੋਰ ਮੇਡੋਜ ਕਮਿਊਨਿਟੀ ਸੈਂਟਰ (Gore Meadows Community Centre) ਵਿੱਚ ਹੋ ਰਹੀ ਹੈ। ਇਸਤੋਂ ਇਲਾਵਾ, ਟੇਰਾਮੋਟੋ ਪਾਰਕ (Teramoto Park) ਕ੍ਰਿਕੇਟ ਫੀਲਡ ਵਿੱਚ ਐਲ.ਈ.ਡੀ. (LED) ਲਾਈਟਾਂ ਲੱਗ ਰਹੀਆਂ ਹਨ, ਜੋ ਪੂਰੇ ਫੀਲਡ ਨੂੰ ਕਵਰ ਕਰਨਗੀਆਂ – ਇਹ ਕੈਨੇਡਾ ਵਿੱਚ ਇਸ ਤਰ੍ਹਾਂ ਦਾ ਪਹਿਲਾ ਪੂਰੇ-ਸਾਈਜ਼ ਦਾ ਕ੍ਰਿਕੇਟ ਫੀਲਡ ਹੈ।

GT20 ਟੂਰਨਾਮੈਂਟ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ www.gt20.ca ਤੇ ਜਾਓ

**ਹਵਾਲੇ**

"ਮੈਨੂੰ ਇਹ ਦੱਸਦੇ ਹੋਏ ਮਾਣ ਹੈ ਕਿ ਬ੍ਰੈਂਪਟਨ ਇਸ ਸਾਲ GT20 ਕ੍ਰਿਕੇਟ ਟੂਰਨਾਮੈਂਟ ਦਾ ਆਯੋਜਨ ਕਰ ਰਿਹਾ ਹੈ! ਇੱਕ ਤੰਦਰੁਸਤ ਅਤੇ ਸੁਰੱਖਿਅਤ ਸ਼ਹਿਰ ਦੇ ਤੌਰ ਤੇ, ਜਿੱਥੇ ਕ੍ਰਿਕੇਟ ਖਾਸ ਤੌਰ ਤੇ ਪ੍ਰਸਿੱਧ ਹੈ, ਬ੍ਰੈਂਪਟਨ ਇਸ ਪ੍ਰਸਿੱਧ ਇਵੈਂਟ ਲਈ ਇੱਕ ਸਰਬੋਤਮ ਸਥਾਨ ਹੈ। ਅਸੀਂ ਇਸ ਗਰਮੀ ਰੋਮਾਂਚਕ ਟੂਰਨਾਮੈਂਟ ਨੂੰ ਦੇਖਣ ਲਈ ਸਥਾਨਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਦਰਸ਼ਕਾਂ ਨੂੰ ਸੱਦਾ ਦਿੰਦੇ ਹਾਂ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

"GT20 ਕੈਨੇਡਾ, ਬ੍ਰੈਂਪਟਨ ਨੂੰ ਆਪਣਾ ਨਵਾਂ ਘਰ ਬਣਾਉਣ ਤੇ ਖੁਸ਼ ਹੈ। ਇਹ ਕ੍ਰਿਕੇਟ ਦੇ ਵਧਣ-ਫੁੱਲਣ ਲਈ ਕੁਦਰਤੀ ਸਥਾਨ ਹੈ ਅਤੇ ਅਸੀਂ ਸਰਬੋਤਮ ਕ੍ਰਿਕੇਟ ਅਤੇ ਸ਼ਹਿਰ ਦੇ ਆਪਣੇ ਕੁਝ ਪ੍ਰਸਿੱਧ ਖਿਲਾੜੀਆਂ ਨੂੰ ਲਿਆਉਣ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ। ਸਿਟੀ ਦੇ ਸਮਰਥਨ ਅਤੇ ਕ੍ਰਿਕੇਟ ਕੈਨੇਡਾ ਦੇ ਮਾਰਗ ਦਰਸ਼ਨ ਦੇ ਨਾਲ, ਅਸੀਂ ਭਵਿੱਖ ਵਿੱਚ ਕੈਨੇਡਿਅਨ ਕ੍ਰਿਕੇਟ ਦੀ ਸੇਵਾ ਦੇਣ ਲਈ ਪ੍ਰਤਿਭਾ ਨੂੰ ਵਿਕਸਿਤ ਕਰਨ ਅਤੇ ਸਰਬੋਤਮ ਕ੍ਰਿਕੇਟਰ ਤਿਆਰ ਕਰਨ ਲਈ ਜ਼ਮੀਨੀ ਪੱਧਰ ਤੇ ਨਿਵੇਸ਼ ਕਰ ਰਹੇ ਹਾਂ। ਮੈਂ ਸਾਨੂੰ ਇੱਥੇ ਲਿਆਉਣ ਵਿੱਚ ਸਿਟੀ ਆਫ ਬ੍ਰੈਂਪਟਨ ਅਤੇ ਮੇਅਰ ਪੈਟਰਿਕ ਬ੍ਰਾਊਨ ਵੱਲੋਂ ਕੀਤੇ ਸਹਿਯੋਗ ਲਈ ਉਹਨਾਂ ਦਾ ਧੰਨਵਾਦ ਕਰਦਾ ਹਾਂ। ਨਾਲ ਮਿਲ ਕੇ, ਅਸੀਂ ਗਲੋਬਲ ਕ੍ਰਿਕੇਟ ਨਕਸ਼ੇ ਵਿੱਚ ਬ੍ਰੈਂਪਟਨ ਨੂੰ ਸ਼ਾਮਲ ਕਰ ਸਕਦੇ ਹਾਂ।"

- *ਗੁਰਮੀਤ ਸਿੰਘ (Gurmeet Singh), ਮਾਲਕ, GT20 ਕੈਨੇਡਾ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ – ਸਿਟੀ ਆਫ ਬ੍ਰੈਂਪਟਨ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca

**ਮੀਡੀਆ ਸੰਪਰਕ – GT20 ਕ੍ਰਿਕੇਟ ਟੂਰਨਾਮੈਂਟ**
ਸਵਪਨਿਲ ਠਾਕਰੇ (Swapnil Thakare)
ਅਸਿਸਟੈਂਟ ਮੀਡੀਆ ਮੈਨੇਜਰ, GT20
647.327.0650 | media@gt20.ca